# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-5015864-865,ਫੈਕਸ ਨੰ: 0172-2624687 ਈ.ਮੇਲ dgsepunjab18@gmail.com

ਨੰ: ਡੀ.ਜੀ.ਐਸ.ਈ./ਇਨਫੋਰਸਮੈਂਟ/2012/R000345-347 ਮਿਤੀ 11/01/2013

ਹੁਕਮ

1. ਜਦੋਂਕਿ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਸੰਗਰੂਰ ਤੋਂ ਪ੍ਰਾਪਤ ਰਿਪੋਟ ਤੋਂ ਇਸ ਵਿਭਾਗ ਦੇ ਨੋਟਿਸ ਵਿੱਚ ਆਇਆ ਹੈ ਕਿ ਸ੍ਰੀ ਪ੍ਰੀਤਮ ਸਿੰਘ ਆਰਟ ਐਂਡ ਕਰਾਫਟ ਟੀਚਰ ਸਰਕਾਰੀ ਮਿਡਲ ਸਕੂਲ ਨਿਆਮਤਪੁਰਾ (ਕੰਪਲੈਕਸ ਸ.ਸ.ਸ.ਸ. ਬਨਭੋਰਾ ) ਜਿਲਾ ਸੰਗਰੂਰ ਨੂੰ ਮੁਕੱਦਮਾ ਐਫ.ਆਈ.ਆਰ.ਨੰ: 290 ਮਿਤੀ 29.9.2001 ਥਾਣਾ ਧੂਰੀ ਜ਼ਿਲਾ ਸੰਗਰੂਰ ਵਿੱਚ ਮਾਨਯੋਗ ਐਡੀਸ਼ਨਲ ਸੈਸ਼ਨ ਜੱਜ ਸੰਗਰੂਰ ਸ੍ਰੀ ਐਸ.ਕੇ.ਗੋਇਲ ਦੀ ਅਦਾਲਤ ਵੱਲੋਂ ਮਿਤੀ 04.06.2009 ਨੂੰ 1 ਸਾਲ ਦੀ ਕੈਦ ਕੀਤੀ ਗਈ ਹੈ।

2. ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ (ਪ੍ਰਸੋਨਲ ਵਿਭਾਗ) ਵੱਲੋਂ ਆਪਣੇ ਪੱਤਰ ਨੰ: 3/23/98-1ਪੀਪੀII/10394 ਮਿਤੀ 5.8.1998 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਨ੍ਹਾਂ ਹਦਾਇਤਾਂ ਰਾਹੀਂ ਸਪਸ਼ਟ ਕੀਤਾ ਗਿਆ ਹੈ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਸਿਵਲ ਅਪੀਲ ਨੰ: 2992/1995 ਡਿਪਟੀ ਡਾਇਰੈਕਟਰ ਕਾਲਜੀਏਟ ਐਜੂਕੇਸ਼ਨ ਐਡਮਿਨਿਸਟ੍ਰੇਸ਼ਨ ਮਦਰਾਸ ਬਨਾਮ ਐਸ ਨਗੂਰ ਮੀਰਾ ਦੇ ਕੇਸ ਵਿੱਚ ਮਿਤੀ 5 ਅਗਸਤ 1998 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਰੋਸ਼ਨੀ ਵਿੱਚ ਜਦੋਂ ਕਿਸੇ ਸਰਕਾਰੀ ਕਰਮਚਾਰੀ ਨੂੰ ਮਾਨਯੋਗ ਕੋਰਟ ਵੱਲੋਂ ਸਜ਼ਾ ਸੁਣਾ ਦਿੱਤੀ ਜਾਂਦੀ ਹੈ ਤਾਂ ਉਸ ਕਰਮਚਾਰੀ ਨੂੰ ਨੌਕਰੀ ਵਿੱਚ ਰੱਖਣਾ ਲੋਕ ਹਿਤ ਵਿੱਚ ਨਹੀਂ ਹੈ ਅਤੇ ਉਸਨੂੰ ਡਿਸਮਿਸ ਕਰਨਾ ਬਣਦਾ ਹੈ। ਉਪਰੋਕਤ ਦੱਸੀਆਂ ਹਦਾਇਤਾਂ ਦੀ ਰੋਸ਼ਨੀ ਵਿੱਚ ਅਨੁਸਾਰ ਕਾਰਵਾਈ ਕਰਦੇ ਹੋਏ ਸ੍ਰੀ ਪ੍ਰੀਤਮ ਸਿੰਘ ਆਰਟ ਐਂਡ ਕਰਾਫਟ ਟੀਚਰ ਸਰਕਾਰੀ ਮਿਡਲ ਸਕੂਲ ਨਿਆਮਤਪੁਰਾ (ਕੰਪਲੈਕਸ ਸ.ਸ.ਸ.ਸ. ਬਨਭੋਰਾ ) ਜਿਲਾ ਸੰਗਰੂਰ ਦੇ ਕੇਸ ਨੂੰ ਵਿਚਾਰਿਆ ਗਿਆ ਹੈ ਅਤੇ ਵਿਚਾਰਨ ਉਪਰੰਤ ਸ੍ਰੀ ਪ੍ਰੀਤਮ ਸਿੰਘ ਆਰਟ ਐਂਡ ਕਰਾਫਟ ਟੀਚਰ ਸਰਕਾਰੀ ਮਿਡਲ ਸਕੂਲ ਨਿਆਮਤਪੁਰਾ (ਕੰਪਲੈਕਸ ਸ.ਸ.ਸ.ਸ. ਬਨਭੋਰਾ ) ਜਿਲਾ ਸੰਗਰੂਰ ਨੂੰ ਪੰਜਾਬ ਸਿਵਲ ਸੇਵਾਵਾਂ ਸਜ਼ਾ ਅਤੇ ਅਪੀਲ ਨਿਯਮਾਂ ਦੇ ਨਿਯਮ 8.13 (i) ਅਧੀਨ ਨੌਕਰੀ ਤੋਂ ਡਿਸਮਿਸ ਕੀਤਾ ਜਾਂਦਾ ਹੈ ਕਿਉਂਕਿ ਉਸ ਨੂੰ ਮਾਨਯੋਗ ਕੋਰਟ ਵੱਲੋਂ ਪਹਿਲਾਂ ਹੀ 1 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ।

ਮਿਤੀ ਚੰਡੀਗੜ

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਪਿਠ ਅੰਕਣ ਨੰ: ਡੀ.ਜੀ.ਐਸ.ਈ./ਇਨਫੋਰਸਮੈਂਟ/2012/ ਮਿਤੀ

ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਸੰਗਰੂਰ।
3. ਸ੍ਰੀ ਪ੍ਰੀਤਮ ਸਿੰਘ ਆਰਟ ਐਂਡ ਕਰਾਫਟ ਟੀਚਰ ਸਰਕਾਰੀ ਮਿਡਲ ਸਕੂਲ ਨਿਆਮਤਪੁਰਾ (ਕੰਪਲੈਕਸ ਸ.ਸ.ਸ.ਸ. ਬਨਭੋਰਾ ) ਜਿਲਾ ਸੰਗਰੂਰ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ